8

# "ਹਮੇਸ਼ਾ ਤਕ ਤੁਹਾਡਾ ਭਵਿੱਖ ਕਿੱਥੇ ਹੋਵੇਗਾ?"

## I. ਪਾਪ ਕੀ ਹੈ?

1. ________________________ ਰੋਮੀਆਂ 14:23
2. ________________________ 1 ਯੂਹੰਨਾ 3:4
3. ________________________ 1 ਯੂਹੰਨਾ 5:17
4. ________________________ ਯਾਕੂਬ 4:17

## II. ਕੀ ਤੁਸੀਂ ਪਾਪੀ ਹੋ?


1. ਕਿਉਂਕਿ ____________ ਨੇ ਪਾਪ ਕੀਤਾ ਹੈ। ਰੋਮੀਆਂ 3:23
2. __________ ਧਰਮੀ ਨਹੀਂ, ਇਕ ਵੀ ਨਹੀਂ। ਰੋਮੀਆਂ 3:10
3. ਜੇ ਆਖੀਏ ਭਈ ਅਸੀਂ ਪਾਪੀ ਨਹੀਂ ਹਾਂ ਤਾਂ ____________________ ਅਤੇ ______________ ਸਾਡੇ ਵਿਚ ਹੈ ਨਹੀਂ। 1 ਯੂਹੰਨਾ 1:8

## III. ਪਾਪੀ ਆਦਮੀ ਅਤੇ ਬਚਾਇਆ ਹੋਇਆ ਆਦਮੀ ਕਿੱਥੇ ਰਹਿਣਗੇ?

| ਪਾਪੀ | ਬਚਾਇਆ ਹੋਇਆ |
|---|---|
| ____________ ਮੱਤੀ 25:41 | ____________ ਮੱਤੀ 25:46 |
| ____________ ਪ੍ਰਕਾਸ਼ ਦੀ ਪੋਥੀ 14:11 | ____________ ਪ੍ਰਕਾਸ਼ ਦੀ ਪੋਥੀ 14:13 |
| ____________ ਮੱਤੀ 25:30 | ____________ ਪ੍ਰਕਾਸ਼ ਦੀ ਪੋਥੀ 21:4 |
| ____________ ਰੋਮੀਆਂ 2:9 | ____________ ਮੱਤੀ 25:23 |
| ____________ ਯੂਹੰਨਾ 8:21 | ____________ ਯੂਹੰਨਾ 14:3 |
| ____________ ਮੱਤੀ 10:28 | ____________ 1 ਪਤਰਸ 1:3, 4 |

## IV. ਤੁਹਾਡਾ ਭਵਿੱਖ ਇਸ ਗੱਲ ਤੋਂ ਤੈਅ ਹੋਵੇਗਾ ਕਿ ਤੁਸੀਂ ਕੀ ਕਰਦੇ ਹੋ ਜਾਂ ਨਹੀਂ?

| | |
|---|---|
| ____________ ਰੋਮੀਆਂ 2:8 | ____________ ਮੱਤੀ 7:21 |
| ____________ 2 ਥੱਸਲੁਨੀਕੀਆਂ 1:8 | ____________ ਇਬਰਾਨੀਆਂ 5:9 |




Copyright 1992 - Gospel Light Pub. Co., Delight, AR 71940

8

# ‘‘ਹਮੇਸ਼ਾ ਤਕ ਤੁਹਾਡਾ ਭਵਿਖ ਕਿੱਥੇ ਹੋਵੇਗਾ?’’

ਇਸ ਅਧਿਐਨ ਸ਼ੀਟ ‘‘ਹਮੇਸ਼ਾ ਤਕ ਤੁਹਾਡਾ ਭਵਿਖ ਕਿੱਥੇ ਹੋਵੇਗਾ’’ ਦੀ ਵਰਤੋਂ ਕਿਸੇ ਵੀ ਸ਼ੀਟ ਦੇ ਬਾਅਦ ਕੀਤੀ ਜਾ ਸਕਦੀ ਹੈ। ਸ਼ਾਇਦ ਇਸ ਸ਼ੀਟ ਨੂੰ ‘‘ਬਚਾਏ ਜਾਣਾ’’ ਵਾਲੀ ਅਧਿਐਨ ਸ਼ੀਟ (ਪਾਠ 4) ਤੋਂ ਪਹਿਲਾਂ ਪੇਸ਼ ਨਾ ਕਰਨਾ ਜ਼ਿਆਦਾ ਸਹੀ ਹੋਵੇਗਾ। ਸਿਖਾਉਣ ਵਾਲੇ ਨੂੰ ਚਾਹੀਦਾ ਹੈ ਕਿ ਉਹ ਇਸ ਸ਼ੀਟ ਦੀ ਵਰਤੋਂ ਸਿਖਣ ਵਾਲੇ ਨੂੰ ਇੰਜੀਲ ਦੀ ਗੱਲ ਮੰਨਣ ਤੇ ਵਿਚਾਰ ਕਰਨ ਦੀ ਕੋਸ਼ਿਸ਼ ਦੇ ਸਮੇਂ ਕਰੇ।

**ਮਕਸਦ**

‘‘ਹਮੇਸ਼ਾ ਤਕ’’ ਸ਼ੀਟ ਦਾ ਉਦੇਸ਼ ਹੁਕਮ ਮੰਨਣ ਅਤੇ ਨਾ ਮੰਨਣ ਦੇ ਨਤੀਜੇ ਦੱਸਣ ਅਤੇ ਸਿੱਖਣ ਵਾਲੇ ਨੂੰ ਇਹ ਅਹਿਸਾਸ ਦੁਆਉਣ ਵਿਚ ਮਦਦ ਕਰਨਾ ਹੈ ਕਿ ਯਿਸੂ ਨੂੰ ਦਿੱਤੇ ਉਸ ਦੇ ਜਵਾਬ ਤੋਂ ਉਸ ਦਾ ਅਨਾਦੀਕਾਲ ਕਿਵੇਂ ਪ੍ਰਭਾਵਿਤ ਹੋਵੇਗਾ।

**ਸੰਖੇਪ ਵਿਚ ਪਾਠ**

ਇਸ ਪਾਠ ਵਿਚ ਵਿਖਾਇਆ ਗਿਆ ਹੈ ਕਿ ਪਾਪ ਕੀ ਹੈ ਅਤੇ ਇਹ ਕਿ ਸਭ ਨੇ ਪਾਪ ਕੀਤਾ ਹੈ। ਮਾਫ਼ੀ ਪਾਏ ਹੋਏ ਭਾਵ ਬਚਾਏ ਹੋਇਆਂ ਦਾ ਭਵਿੱਖ ਮਾਫ਼ੀ ਨਾ ਪਾਉਣ ਵਾਲੇ ਦੇ ਭਵਿੱਖ ਨਾਲੋਂ ਫ਼ਰਕ ਵਿਖਾਇਆ ਗਿਆ ਹੈ। ਸਾਨੂੰ ਸਜ਼ਾ ਜਾਂ ਇਨਾਮ ਮਿਲਦਾ ਹੈ ਜਾਂ ਨਹੀਂ ਇਹ ਇਸ ਗੱਲ ਤੇ ਨਿਰਭਰ ਕਰਦਾ ਹੈ ਕਿ ਅਸੀਂ ਇੰਜੀਲ ਨੂੰ ਮੰਨਿਆ ਜਾਂ ਨਹੀਂ।

**ਜਾਣ ਪਛਾਣ**

ਪਿਛਲੇ ਪਾਠਾਂ ਵਿਚ ਅਸੀਂ ਪਾਪ ਅਤੇ ਮੌਤ ਦੇ ਕਾਰਣ, ਮਨੁੱਖ ਨੂੰ ਪਾਪ ਤੋਂ ਬਚਾਉਣ ਦੀ ਖ਼ੁਦਾ ਦੀ ਯੋਜਨਾ ਅਤੇ ਬਚਾਏ ਜਾਣ ਦੇ ਰਾਹ ਯਿਸੂ ਬਾਰੇ ਸਿੱਖਿਆ ਸੀ। ਜੇ ਅਸੀਂ ਯਿਸੂ ਦਾ ਹੁਕਮ ਨਹੀਂ ਮੰਨਦੇ ਤਾਂ ਸਾਡਾ ਅਨਾਦੀਕਾਲ ਕਿੱਥੇ ਬੀਤੇਗਾ? [ਰਸੂਲਾਂ ਦੇ ਕੰਮ 3:23 ਪੜ੍ਹੋ।] ਸਾਡੇ ਲਈ ਯਿਸੂ ਦੀ ਮਰਜ਼ੀ ਨੂੰ ਪੂਰਾ ਕਰਨਾ ਸਭ ਤੋਂ ਮਹੱਤਵਪੂਰਨ ਗੱਲ ਹੈ। ਸਾਡੇ ਅਨਾਦੀਕਾਲ ਦਾ ਭਵਿੱਖ ਇਸੇ ਤੇ ਟਿਕਿਆ ਹੈ। ਪਾਪ ਤੋਂ ਸਾਡਾ ਭਵਿੱਖ ਪ੍ਰਭਾਵਿਤ ਹੁੰਦਾ ਹੈ। ਜੇ ਅਸੀਂ ਪਾਪ ਨਾ ਕੀਤਾ ਹੁੰਦਾ, ਤਾਂ ਸਾਨੂੰ ਸਜ਼ਾ ਦਾ ਫ਼ਿਕਰ ਨਹੀਂ ਹੋਣਾ ਸੀ।

## I. ਪਾਪ ਕੀ ਹੈ?

ਸਾਡੇ ਵਿੱਚੋਂ ਬਹੁਤੇ ਲੋਕਾਂ ਨੂੰ ਇਸ ਗੱਲ ਦਾ ਅਹਿਸਾਸ ਹੀ ਨਹੀਂ ਹੁੰਦਾ ਕਿ ਅਸੀਂ ਕਦੋਂ ਪਾਪ ਕੀਤਾ ਕਿਉਂਕਿ ਸਾਨੂੰ ਪਤਾ ਹੀ ਨਹੀਂ ਹੈ ਕਿ ਪਾਪ ਹੁੰਦਾ ਕੀ ਹੈ। ਨਵੇਂ ਨੇਮ ਵਿਚ ''ਪਾਪ'' ਸ਼ਬਦ ਯੂਨਾਨੀ ਭਾਸ਼ਾ ਦੇ ਸ਼ਬਦ *hamartia* ਤੋਂ ਲਿਆ ਗਿਆ ਹੈ ਜਿਸ ਦਾ ਅਰਥ ਹੈ ''ਨਿਸ਼ਾਨੇ ਤੋਂ ਖੁੰਝ ਜਾਣਾ, ਜ਼ਿੰਮੇਵਾਰੀ ਪੂਰੀ ਨਾ ਕਰ ਸਕਣਾ।'' ਬਾਈਬਲ ਵਿਚ ਪਾਪ ਦਾ ਜ਼ਿਕਰ ਬਹੁਤ ਵਾਰ ਮਿਲਦਾ ਹੈ ਕਿਉਂਕਿ ਮਨੁੱਖ ਦੇ ਇਤਿਹਾਸ ਵਿਚ ਪਾਪ ਦੀ ਅਹਿਮ ਭੂਮਿਕਾ ਹੈ।

ਖ਼ੁਦਾ ਨੇ ਪੈਮਾਨਿਆਂ ਦੇ ਰੂਪ ਵਿਚ ਸਾਨੂੰ ਜੀਣ ਲਈ ਆਪਣਾ ਆਪ, ਆਪਣਾ ਸੁਭਾਅ ਦਿੱਤਾ ਹੈ (1 ਪਤਰਸ 1:14–16)। ਖ਼ੁਦਾ ਨੇ ਸਾਨੂੰ ਆਪਣੇ ਸਰੂਪ ਤੇ ਬਣਾਇਆ ਹੈ (ਉਤਪਤ 1:26, 27)। ਜਦ ਅਸੀਂ ਪਾਪ ਕਰਦੇ ਹਾਂ, ਤਾਂ ਉਸ ਸੁਭਾਅ ਦੀ ਉਲੰਘਣਾ ਕਰ ਰਹੇ ਹੁੰਦੇ ਹਾਂ ਜੋ ਖ਼ੁਦਾ ਨੇ ਸਾਨੂੰ ਦਿੱਤਾ ਹੈ। ਅਸੀਂ ਆਪਣੇ ਲਈ ਖ਼ੁਦਾ ਦੇ ਨਮੂਨੇ ਨੂੰ ਪੂਰਾ ਕਰਨ ਵਿਚ ਨਾਕਾਮ ਰਹਿੰਦੇ ਹਾਂ। ਜਦ ਅਸੀਂ ਪਾਪ ਕਰਦੇ ਹਾਂ, ਤਾਂ ਅਸੀਂ ਉਸ ਸੁਭਾਅ ਨੂੰ ਵਿਗਾੜ ਰਹੇ ਹੁੰਦੇ ਹਾਂ ਜੋ ਖ਼ੁਦਾ ਨੇ ਸਾਨੂੰ ਦਿੱਤਾ ਹੈ।

ਬਾਈਬਲ ਸਾਨੂੰ ਇਸ ਬਾਰੇ ਚਾਰ ਵਾਰ ਦੱਸਦੀ ਹੈ ਕਿ ਪਾਪ ਕੀ ਹੈ। ਪਹਿਲੀ ਵਾਰ ਜਿਸ ਤੇ ਅਸੀਂ ਵਿਚਾਰ ਕਰਾਂਗੇ, ਜੋ ਸਾਨੂੰ ਇਹ ਸਮਝਾਉਣ ਵਿਚ ਮਦਦ ਕਰਦਾ ਹੈ ਕਿ ਪਾਪ ਕੀ ਹੈ, ਪੌਲੁਸ ਰਾਹੀਂ ਲਿਖਿਆ ਗਿਆ ਸੀ। ਪੌਲੁਸ ਪਾਪ ਨੂੰ ਕੀ ਆਖਦਾ ਹੈ? [ਰੋਮੀਆਂ 14:23 ਪੜ੍ਹੋ।] ਪਾਪ *ਕੀ* ਹੈ? [ਖਾਲੀ ਥਾਂ ਵਿਚ ''ਜੋ ਵਿਸ਼ਵਾਸ ਤੋਂ ਨਹੀਂ'' ਭਰੋ।] ਪਾਪ ਉਹ ਕੰਮ ਕਰਨਾ ਹੈ ਜੋ ਸਾਨੂੰ ਲਗਦਾ ਹੈ ਕਿ ਸਹੀ ਨਹੀਂ ਹੈ। ਜਦ ਅਸੀਂ ਖ਼ੁਦਾ ਦੇ ਵਚਨ ਦੀ ਗੱਲ ਮੰਨਦੇ ਹਾਂ, ਤਾਂ ਸਾਡਾ ਉਹ ਕੰਮ ਇਸ ਵਿਸ਼ਵਾਸ ਨਾਲ ਹੋ ਸਕਦਾ ਹੈ ਕਿ ਜੋ ਅਸੀਂ ਕਰ ਰਹੇ ਹਾਂ ਉਹ ਸਹੀ ਹੈ, ਕਿਉਂਕਿ ਵਿਸ਼ਵਾਸ ਖ਼ੁਦਾ ਦੇ ਵਚਨ ਭਾਵ ਖ਼ੁਦਾ ਦੇ ਸੰਦੇਸ਼ ਨੂੰ ਸੁਣਨ ਨਾਲ ਆਉਂਦਾ ਹੈ (ਰੋਮੀਆਂ 10:17)। ਜੇ ਅਸੀਂ ਜਾਣਦੇ ਹਾਂ ਕਿ ਖ਼ੁਦਾ ਦਾ ਵਚਨ ਕੀ ਆਖਦਾ ਹੈ ਤਾਂ ਅਸੀਂ ਬਿਨਾਂ ਸ਼ੱਕ ਕੀਤੇ ਕਿ ਉਹ ਕੰਮ ਸਹੀ ਹੈ ਜਾਂ ਨਹੀਂ ਉਸ ਨੂੰ ਕਰ ਸਕਦੇ ਹਾਂ। ਪਰ ਹੋ ਸਕਦਾ ਹੈ ਕਿ ਕੁਝ ਗੱਲਾਂ ਦਾ ਸਾਨੂੰ ਪਤਾ ਨਾ ਲੱਗੇ ਕਿ ਅਸੀਂ ਸਹੀ ਹਾਂ ਜਾਂ ਗਲਤ, ਕਿਉਂਕਿ ਸਾਨੂੰ ਇਹ ਸਮਝ ਨਹੀਂ ਆਉਂਦਾ ਕਿ ਖ਼ੁਦਾ ਕੀ ਕਹਿੰਦਾ ਹੈ। ਜਦ ਸਾਨੂੰ ਲੱਗਦਾ ਹੈ ਕਿ ਕੋਈ ਚੀਜ਼ ਗਲਤ ਹੈ ਜਾਂ ਸਾਨੂੰ ਉਸ ਦੇ ਸਹੀ ਹੋਣ ਤੇ ਸ਼ੱਕ ਹੁੰਦਾ ਹੈ, ਪਰ ਫਿਰ ਵੀ ਕਰ ਦਿੰਦੇ ਹਾਂ ਤਾਂ ਉਹ ਪਾਪ ਹੁੰਦਾ ਹੈ। ਜੋ ਵਿਸ਼ਵਾਸ ਨਾਲ ਨਹੀਂ ਉਹ ਪਾਪ ਹੈ। ਇਸ ਸ਼ੱਕ ਵਿਚ ਕਿ ਇਹ ਕੰਮ ਕਰਨਾ ਚਾਹੀਦਾ ਹੈ ਜਾਂ ਨਹੀਂ, ਕੰਮ ਕਰਨ ਵਾਲਾ ਆਦਮੀ ਪਾਪ ਕਰ ਰਿਹਾ ਹੈ।

ਦੂਜਾ ਵਾਕ ਜਿਸ ਉਤੇ ਅਸੀਂ ਧਿਆਨ ਦਿਆਂਗੇ, ਉਹ ਰਸੂਲ ਯੂਹੰਨਾ ਨੇ ਲਿਖਿਆ ਸੀ। ਯੂਹੰਨਾ ਨੇ ਪਾਪ ਕਿਸ ਨੂੰ ਕਿਹਾ? [1 ਯੂਹੰਨਾ 3:4 ਪੜ੍ਹੋ।] ਪਾਪ *ਕੀ* ਹੈ? [ਖਾਲੀ ਥਾਂ ਵਿਚ ''ਸ਼ਰ੍ਹਾ ਦਾ ਉਲਟ'' ਭਰੋ।] ''ਉਲਟ'' ਦਾ ਅਰਥ ਹੈ ''ਸ਼ਰ੍ਹਾ ਵੱਲੋਂ ਠਹਿਰਾਈਆਂ ਗਈਆਂ ਹੱਦਾਂ ਤੋਂ ਬਾਹਰ ਜਾਣਾ, ਸ਼ਰ੍ਹਾ ਦੀ ਇਜਾਜ਼ਤ ਤੋਂ ਬਿਨਾਂ ਕੰਮ ਕਰਨਾ'' ਯਕੀਨਨ ਹੀ ਯੂਹੰਨਾ ਪੁਰਾਣੇ ਨੇਮ ਵਿਚ ਪਾਈ ਜਾਣ ਵਾਲੀ ਸ਼ਰਾ ਦੇ ਬਾਰੇ ਨਹੀਂ ਲਿਖ ਰਿਹਾ ਹੋਵੇਗਾ ਕਿਉਂਕਿ ਮਸੀਹੀ ਵਿਅਕਤੀ ਸ਼ਰ੍ਹਾ ਦੇ ਅਧੀਨ ਨਹੀਂ ਹੈ (ਗਲਾਤੀਆਂ 23:24, 25)। ਯੂਹੰਨਾ ਯਕੀਨਨ ''ਮਸੀਹ ਦੀ ਸ਼ਰ੍ਹਾ'' (1 ਕੁਰਿੰਥੀਆਂ 9:21), ਅਰਥਾਤ ਯਿਸੂ ਵੱਲੋਂ ਸਿਖਾਏ ਗਏ ਸਿਧਾਂਤਾਂ ਨੂੰ ਸ਼ਰ੍ਹਾ ਆਖ ਰਿਹਾ ਹੋਵੇਗਾ। ਜੋ ਆਦਮੀ ਆਪਣੇ ਆਪ ਨੂੰ ਯਿਸੂ ਦੀ ਸਿੱਖਿਆ ਅਨੁਸਾਰ ਨਹੀਂ ਚਲਾਉਂਦਾ ਉਹ ਪਾਪ ਕਰ ਰਿਹਾ ਹੈ ਅਤੇ ਇਸ ਲਈ ਖ਼ੁਦਾ ਦੀ ਨਜ਼ਰ ਵਿਚ ਪਾਪੀ ਮੰਨਿਆ

ਜਾਂਦਾ ਹੈ। ਪਾਪ ਸ਼ਰ੍ਹਾ ਦਾ ਉਲਟ ਹੈ।

ਤੀਜਾ ਵਾਕ ਜਿਸ ਤੇ ਅਸੀਂ ਵਿਚਾਰ ਕਰਾਂਗੇ ਉਹ ਵੀ ਯੂਹੰਨਾ ਰਾਹੀਂ ਲਿਖਿਆ ਗਿਆ ਸੀ। ਯੂਹੰਨਾ ਕੀ ਆਖਦਾ ਹੈ ਕਿ ਪਾਪ ਕੀ ਹੈ? [1 ਯੂਹੰਨਾ 5:17 ਪੜ੍ਹੋ।] ਪਾਪ *ਕੀ* ਹੈ? [ਖਾਲੀ ਥਾਂ ਵਿਚ ''ਸਭ ਪ੍ਰਕਾਰ ਦਾ ਕੁਧਰਮ'' ਭਰੋ।] ਅਕਸਰ ਅਸੀਂ ਕੁਧਰਮ ਦੇ *ਕੁਝ* ਕੰਮਾਂ ਨੂੰ ਪਾਪ ਮੰਨਦੇ ਹਾਂ, ਪਰ *ਹੋਰ* ਕੰਮਾਂ ਨੂੰ ਜਿਹੜੇ ਸਾਨੂੰ ਲੱਗਦੇ ਹਨ ਕਿ ਗੰਭੀਰ ਨਹੀਂ ਹਨ, ਅਸੀਂ ਪਾਪ ਨਹੀਂ ਮੰਨਦੇ। ਕੁਧਰਮ ਦਾ ਕੋਈ ਕੰਮ ਜ਼ਿਆਦਾ ਗੰਭੀਰ ਲੱਗਣ ਵਾਲਾ ਹੋਵੇ ਜਾਂ ਘੱਟ ਗੰਭੀਰ, ਖ਼ੁਦਾ ਦੀ ਨਜ਼ਰ ਵਿਚ ਪਾਪ ਹੀ ਹੈ। ਹਰ ਤਰ੍ਹਾਂ ਦਾ ਕੁਧਰਮ ਪਾਪ ਹੈ। ਚੌਥਾ ਵਾਕ ਜੋ ਅਸੀਂ ਪੜ੍ਹਾਂਗੇ ਯਾਕੂਬ ਰਾਹੀਂ ਲਿਖਿਆ ਗਿਆ ਸੀ। ਯਾਕੂਬ ਕੀ ਆਖਦਾ ਹੈ ਕਿ ਪਾਪ ਕੀ ਹੈ? [ਯਾਕੂਬ 4:17 ਪੜ੍ਹੋ।] ਪਾਪ *ਕੀ* ਹੈ? [ਖਾਲੀ ਥਾਂ ਵਿਚ ''ਭਲਾ ਕਰਨਾ ਜਾਣਨਾ ਪਰ ਕਰਨਾ ਨਹੀਂ'' ਭਰੋ।]

ਪਾਪ ਨਾਲ ਸਬੰਧਿਤ ਪਹਿਲੇ ਤਿੰਨ ਵਾਕਾਂ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਗਲਤ ਤਰੀਕੇ ਨਾਲ ਕੰਮ ਕਰਨਾ ਪਾਪ ਹੈ। ਉਹ ਕੰਮ ਇਸ ਲਈ ਗਲਤ ਹਨ ਕਿਉਂਕਿ ਜਾਂ ਤਾਂ ਅਸੀਂ ਆਪਣੇ ਹੀ ਮਾਨਕਾਂ ਨੂੰ ਤੋੜ ਰਹੇ ਹਾਂ ਜਾਂ ਖ਼ੁਦਾ ਦੇ ਮਾਨਕਾਂ ਨੂੰ। ਇਸ ਤੋਂ ਇਲਾਵਾ, ਯਾਕੂਬ ਆਖਦਾ ਹੈ ਕਿ ਭਲਾ ਕਰਨਾ ਜਾਣਨ ਦੇ ਬਾਵਜੂਦ ਉਸ ਨੂੰ ਨਾ ਕਰਨਾ ਪਾਪ ਹੀ ਹੈ। ਜੇ ਅਸੀਂ ਲੋੜਵੰਦ ਦੀ ਮਦਦ ਕਰਨਾ ਜਾਣਦੇ ਹਾਂ, ਕਿਸੇ ਨੂੰ ਖ਼ੁਦਾ ਦੀ ਇੱਛਾ ਦੱਸ ਸਕਦੇ ਹਾਂ, ਕੋਈ ਅਜਿਹੀ ਗੱਲ ਕਰ ਸਕਦੇ ਹਾਂ ਜਿਸ ਨਾਲ ਉਸ ਨੂੰ ਮਦਦ ਮਿਲੇ, ਪਰ ਦੱਸਦੇ ਨਹੀਂ, ਤਾਂ ਅਸੀਂ ਪਾਪ ਕਰ ਰਹੇ ਹੁੰਦਾ ਹਾਂ। ਪਾਪ ਉਹੀ ਹੈ ਜਿਸ ਨਾਲ ਅਸੀਂ ਜੋ ਭਲਾ ਕਰਨਾ ਜਾਣਦੇ ਹਾਂ, ਉਹ ਨਹੀਂ ਕਰਦੇ।

ਇਸ ਭਾਗ ਵਿਚ ਅਸੀਂ ਕੀ ਸਿੱਖਿਆ ਹੈ? ਅਸੀਂ ਸਿੱਖਿਆ ਹੈ ਕਿ ਜਦ ਅਸੀਂ ਕੋਈ ਅਜਿਹਾ ਕੰਮ ਕਰਦੇ ਹਾਂ ਜਿਸ ਦੇ ਸਹੀ ਹੋਣ ਤੇ ਸਾਨੂੰ ਸ਼ੱਕ ਹੁੰਦਾ ਹੈ, ਕੋਈ ਅਜਿਹਾ ਕੰਮ ਕਰਦੇ ਹਾਂ ਜਿਸ ਦੀ ਇਜਾਜ਼ਤ ਸ਼ਰ੍ਹਾ ਵਿਚ ਨਹੀਂ ਦਿੱਤੀ ਗਈ, ਕੋਈ ਕੁਧਰਮ ਦਾ ਕੰਮ ਕਰਦੇ ਹਾਂ ਅਤੇ ਉਹ ਭਲਾ ਨਹੀ ਕਰ ਪਾਉਂਦੇ ਜੋ ਕਰਨਾ ਜਾਣਦੇ ਹਾਂ, ਤਾਂ ਅਸੀਂ ਪਾਪ ਕਰ ਰਹੇ ਹੁੰਦੇ ਹਾਂ।

## II. ਕੀ ਤੁਸੀਂ ਪਾਪੀ ਹੋ?

ਪਾਪ ਬਾਰੇ ਅਸੀਂ ਜੋ ਕੁਝ ਸਿੱਖਿਆ ਹੈ ਉਸ ਦੇ ਅਧਾਰ ਤੇ, ਤੁਸੀਂ ਆਪਣੇ ਪਾਪ ਨੂੰ ਕੀ ਕਰੋਗੇ? ਕੀ ਤੁਸੀਂ ਉਹੋ ਕਰਦੇ ਹੋ ਜੋ ਤੁਸੀਂ ਜਾਣਦੇ ਹੋ ਕਿ ਸਹੀ ਹੋਵੇਗਾ ਅਤੇ ਸਦਾ ਉਸ ਤੋਂ ਦੂਰ ਰਹਿੰਦੇ ਹੋ ਜਿਸ ਵਿਚ ਤੁਹਾਨੂੰ ਸ਼ੱਕ ਹੁੰਦਾ ਹੈ? ਕੀ ਤੁਸੀਂ ਸਦਾ ਯਿਸੂ ਵੱਲੋਂ ਸਿਖਾਏ ਗਏ ਸਿਧਾਂਤਾਂ ਅਰਥਾਤ ਮਸੀਹ ਦੀ ਸ਼ਰ੍ਹਾ ਵਿਚ ਬਣੇ ਰਹਿੰਦੇ ਹੋ? ਕੀ ਤੁਸੀਂ ਸਦਾ ਕੁਧਰਮ ਦੇ ਕਿਸੇ ਵੀ ਕੰਮ ਤੋਂ ਦੂਰ ਰਹਿੰਦੇ ਹੋ? ਕੀ ਤੁਸੀਂ ਸਦਾ ਉਹੋ ਕੀਤਾ ਹੈ ਜੋ ਤੁਹਾਨੂੰ ਲੱਗਦਾ ਹੈ ਕਿ ਤੁਹਾਨੂੰ ਕਰਨਾ ਚਾਹੀਦਾ ਹੈ? ਕੀ ਤੁਸੀਂ ਇਨ੍ਹਾਂ ਸਭ ਗੱਲਾਂ ਦਾ ਜਵਾਬ ''ਹਾਂ'' ਵਿਚ ਦੇ ਸਕਦੇ ਹੋ? ਤਾਂ ਤੁਸੀ ਕਦੇ ਪਾਪ ਨਹੀਂ ਕੀਤਾ। ਕੀ ਤੁਸੀਂ ਕਿਸੇ ਨੂੰ ਜਾਣਦੇ ਹੋ ਜੋ ਇਸ ਸਭ ਲਈ ਇਮਾਨਦਾਰੀ ਨਾਲ ਕਹਿ ਸਕੇ ''ਹਾਂ''?

1. ਕਿੰਨੇ ਲੋਕ ਪਾਪੀ ਹਨ? [ਰੋਮੀਆਂ 3:23 ਪੜ੍ਹੋ।] ਕਿੰਨੇ ਪਾਪੀ ਹਨ? [ਖਾਲੀ ਥਾਂ ਵਿਚ ''ਸਭ'' ਭਰੋ।] ਧਿਆਨ ਦਿਓ ਕਿ ਜਦ ਅਸੀਂ ਪਾਪ ਕਰਦੇ ਹਾਂ, ਤਾਂ ਖ਼ੁਦਾ ਦੇ ਪਰਤਾਪ ਤੋਂ ਰਹਿ ਜਾਂਦੇ ਹਾਂ ਅਰਥਾਤ ਉਸ ਦੇ ਪਵਿੱਤਰ ਸੁਭਾਅ ਵਿਚ ਬਣੇ ਨਹੀਂ ਰਹਿੰਦੇ। ਯਾਦ ਰੱਖੋ ਕਿ ਖ਼ੁਦਾ ਨੇ ਸਾਨੂੰ ਜੀਉਣ ਦੇ ਪੈਮਾਨੇ ਦੇ ਰੂਪ ਵਿਚ ਆਪਣਾ ਆਪ ਦਿੱਤਾ ਹੈ। ਖ਼ੁਦਾ ਝੂਠ ਨਹੀਂ

ਬੋਲਦਾ, ਇਸ ਲਈ ਅਸੀਂ ਵੀ ਝੂਠ ਨਾ ਬੋਲੀਏ। ਖ਼ੁਦਾ ਉਨ੍ਹਾਂ ਲੋਕਾਂ ਦਾ ਵੀ ਭਲਾ ਕਰਦਾ ਹੈ ਜੋ ਉਸ ਨੂੰ ਭਲਾ ਨਹੀਂ ਮੰਨਦੇ, ਇਸ ਲਈ ਸਾਨੂੰ ਵੀ ਉਨ੍ਹਾਂ ਲੋਕਾਂ ਦਾ ਭਲਾ ਕਰਨਾ ਚਾਹੀਦਾ ਹੈ ਜੋ ਸਾਡੇ ਨਾਲ ਬੁਰਾ ਸਲੂਕ ਕਰਦੇ ਹਨ (ਮੱਤੀ 5:44–48) ਸਾਨੂੰ ਖ਼ੁਦਾ ਦੇ ਸੁਭਾਅ ਦੀ ਰੀਸ ਕਰਨੀ ਚਾਹੀਦੀ ਹੈ। ਜਦ ਅਸੀਂ ਇਸ ਤਰ੍ਹਾਂ ਨਹੀਂ ਕਰ ਪਾਉਂਦੇ ਤਾਂ ਅਸੀਂ ਪਾਪ ਕਰਦੇ ਹਾਂ। ਕੋਈ ਵੀ ਆਪਣੇ ਪਵਿੱਤਰ ਸਿਰਜਣਹਾਰ ਦੇ ਪਵਿੱਤਰ ਸੁਭਾਅ ਵਿਚ ਬਣਿਆ ਨਹੀਂ ਰਹਿ ਸਕਿਆ।

2. ਜੇ ਸਭ ਲੋਕ ਪਾਪੀ ਹਸ, ਤਾਂ ਕੀ ਕੋਈ ਧਰਮੀ ਵੀ ਹੈ? [ਰੋਮੀਆਂ 3:10 ਪੜ੍ਹੋ।] *ਕਿੰਨੇ* ਲੋਕ ਧਰਮੀ ਹਨ? [ਖਾਲੀ ਥਾਂ ਵਿਚ ''ਕੋਈ ਨਹੀਂ'' ਭਰੋ।] ਸਿਰਫ਼ ਖ਼ੁਦਾ ਹੀ ਧਰਮੀ ਹੈ। ਸਾਡੇ ਵਿੱਚੋਂ ਕੋਈ ਵੀ ਧਰਮੀ ਨਹੀਂ।

3. ਜੇ ਅਸੀਂ ਕਹਿੰਦੇ ਹਾਂ ਕਿ ਅਸੀਂ ਧਰਮੀ ਹਾਂ ਅਤੇ ਅਸੀਂ ਕੋਈ ਪਾਪ ਨਹੀਂ ਕੀਤਾ, ਤਾਂ ਖ਼ੁਦਾ ਸਾਡੇ ਬਾਰੇ ਕੀ ਆਖਦਾ ਹੈ? [1 ਯੂਹੰਨਾ 1:8 ਪੜ੍ਹੋ।] ਸਾਡੇ ਬਾਰੇ *ਕੀ* ਆਖਿਆ ਗਿਆ ਹੈ? [ਖਾਲੀ ਥਾਂ ਵਿਚ ''ਆਪਣੇ ਆਪ ਨੂੰ ਧੋਖਾ ਦਿੰਦੇ ਹਾਂ'' ਅਤੇ ''ਸਚਿਆਈ'' ਭਰੋ।] ਜੇ ਅਸੀਂ ਆਖਦੇ ਹਾਂ ਕਿ ਅਸੀਂ ਕੋਈ ਪਾਪ ਨਹੀਂ ਕੀਤਾ, ਤਾਂ ਅਸੀਂ ਆਪਣੇ ਆਪ ਨਾਲ ਈਮਾਨਦਾਰੀ ਨਹੀਂ ਕਰ ਰਹੇ। ਅਸੀਂ ਸਭ ਨੇ ਪਾਪ ਕੀਤਾ ਹੈ। ਖ਼ੁਦਾ ਸਾਫ਼ ਦੱਸਦਾ ਹੈ ਕਿ ਅਸੀਂ ਪਾਪ ਕੀਤਾ ਹੈ (ਰੋਮੀਆਂ 3:23)। ਜਿਹੜਾ ਕੋਈ ਇਹ ਆਖਦਾ ਹੈ ਕਿ ਉਸ ਨੇ ਪਾਪ ਨਹੀਂ ਕੀਤਾ ਉਹ ਖ਼ੁਦਾ ਨੂੰ ਝੂਠਾ ਬਣਾਉਂਦਾ ਹੈ (1 ਯੂਹੰਨਾ 1:10) ਅਤੇ ਕਿਸੇ ਵੀ ਤਰੀਕੇ ਨਾਲ ਆਪਣੇ ਪਾਪੀ ਹੋਣ ਦੀ ਹਾਲਤ ਨੂੰ ਬਦਲ ਨਹੀਂ ਰਿਹਾ, ਬਲਕਿ ਆਪਣੇ ਆਪ ਨੂੰ ਧੋਖਾ ਦੇ ਰਿਹਾ ਹੈ! ਉਸ ਨੂੰ ਸੱਚਾਈ ਨਜ਼ਰ ਨਹੀਂ ਆ ਰਹੀ, ਇਸ ਲਈ ਉਸ ਵਿਚ ਸੱਚਾਈ ਹੈ ਹੀ ਨਹੀਂ।

ਤੁਹਾਨੂੰ ਇਹ ਕਹਿਣ ਦੀ ਲੋੜ ਨਹੀਂ ਹੈ ਕਿ ਤੁਸੀਂ ਪਾਪ ਨਹੀਂ ਕੀਤਾ, ਜਾਂ ਕੀਤਾ ਹੈ? ਜਦ ਮੈਂ ਪਾਪ ਬਾਰੇ ਖ਼ੁਦਾ ਦੇ ਪੈਮਾਨੇ ਤੇ ਵਿਚਾਰ ਕਰਦਾ ਹਾਂ ਤਾਂ ਮੈਨੂੰ ਇਸ ਸੱਚ ਦਾ ਸਾਹਮਣਾ ਕਰਨਾ ਹੀ ਪਵੇਗਾ ਕਿ ਮੈਂ ਇਕ ਪਾਪੀ ਹਾਂ? ਕੀ ਤੁਸੀਂ ਮੰਨਦੇ ਹੋ ਕਿ ਤੁਸੀਂ ਪਾਪ ਕੀਤਾ ਹੈ?

ਅਸੀਂ ਇਸ ਭਾਗ ਵਿਚ ਕੀ ਸਿੱਖਿਆ ਹੈ? ਅਸੀਂ ਸਿੱਖਿਆ ਹੈ ਕਿ ਅਸੀਂ ਸਭ ਪਾਪੀ ਹਾਂ। ਅਸੀਂ ਸਭ ਨੇ ਖ਼ੁਦਾ ਦੇ ਪੈਮਾਨਿਆਂ ਨੂੰ ਤੋੜਿਆ ਹੈ ਅਤੇ ਕਿਸੇ ਵੀ ਤਰ੍ਹਾਂ ਉਸ ਦੇ ਵਰਗੇ ਨਹੀਂ ਰਹੇ ਹਾਂ।

## III. ਤੁਹਾਡਾ ਭਵਿੱਖ

ਇਹ ਇਕ ਹਕੀਕਤ ਹੈ ਕਿ ਸਭ ਨੇ ਪਾਪ ਕੀਤਾ। ਦੁਨੀਆਂ ਵਿਚ ਕੋਈ ਵੀ ਅਜਿਹਾ ਨਹੀਂ ਹੈ ਜੋ ਪਾਪੀ ਨਾ ਹੋਵੇ। ਜਾਂ ਤਾਂ ਅਸੀਂ ਮਾਫ਼ੀ ਪਾਏ ਹੋਏ ਅਰਥਾਤ ਬਚਾਏ ਹੋਏ ਹਾਂ ਜਾਂ ਮਾਫ਼ੀ ਤੋਂ ਬਿਨਾਂ ਪਾਪੀ। ਤੁਸੀਂ ਕੀ ਹੋ, ਮਾਫ਼ੀ ਪਾਏ ਹੋਏ ਜਾਂ ਮਾਫ਼ੀ ਤੋਂ ਬਿਨਾਂ? ਜੇ ਤੁਹਾਨੂੰ ਮਾਫ਼ੀ ਨਹੀਂ ਮਿਲੀ ਹੈ ਤਾਂ ਤੁਸੀਂ ਹਮੇਸ਼ਾ ਤਕ ਕਿੱਥੇ ਰਹੋਗੇ?

ਖੱਬੇ ਪਾਸੇ ਦੇ ਲੋਕਾਂ ਨੂੰ ਯਿਸੂ ਕੀ ਕਹੇਗਾ? [ਮੱਤੀ 25:41 ਪੜੋ।] ਉਹ ਕਹੇਗਾ ਕਿ *ਕਿਹਦੇ* ਵਿਚ ਚਲੇ ਜਾਓ? [ਖਾਲੀ ਥਾਂ ਵਿਚ ''ਸਦੀਪਕ ਅੱਗ'' ਭਰੋ] ਉਹ ਅੱਗ ਕਿੰਨੇ ਚਿਰ ਤਕ ਬਲਦੀ ਰਹੇਗੀ? ਸਪੱਸ਼ਟ ਹੈ ਕਿ ਉਹ ਅੱਗ ਕਦੇ ਨਹੀਂ ਬੁਝੇਗੀ (ਮੁਰਕੁਸ 9:48)। ਜੇ ਉਹ ਅੱਗ ਕਦੀ ਨਹੀਂ ਬੁਝੇਗੀ ਤਾਂ ਸਜ਼ਾ ਤਾਂ ਸਦਾ ਰਹਿਣ ਵਾਲੀ ਹੋਣੀ ਚਾਹੀਦੀ ਹੈ। ਜੇ ਸਜ਼ਾ

ਜਾਰੀ ਨਹੀਂ ਰਹਿੰਦੀ ਤਾਂ ਅੱਗ ਬਲਦੀ ਰਹੇਗੀ? ਅੱਗ ਅਤੇ ਸਜ਼ਾ ਦੋਵੇਂ ''ਸਦੀਪਕ'' ਹਨ (ਮੱਤੀ 25:41, 46)।

ਸਜ਼ਾ ਪਾਏ ਹੋਏ ਨੂੰ ਮਿਲਣ ਵਾਲੀ ''ਹਮੇਸ਼ਾ ਦੀ ਅੱਗ'' ਅਤੇ ''ਹਮੇਸ਼ਾ ਦੀ ਸਜ਼ਾ'' ਦੇ ਉਲਟ ਬਚਾਏ ਹੋਇਆਂ ਨੂੰ ਕੀ ਮਿਲੇਗਾ? [ਮੱਤੀ 25:46 ਪੜ੍ਹੋ।] ਯਿਸੂ *ਕੀ* ਕਹਿੰਦਾ ਹੈ ਕਿ ਸੱਜੇ ਪਾਸੇ ਵਾਲਿਆਂ ਨੂੰ ਕੀ ਮਿਲੇਗਾ? [ਖਾਲੀ ਥਾਂ ਵਿਚ ''ਹਮੇਸ਼ਾ ਦੀ ਜ਼ਿੰਦਗੀ'' ਭਰੋ।] ਧਰਮੀਆਂ ਲਈ ਜ਼ਿੰਦਗੀ ਉਵੇਂ ਹੀ ਹਮੇਸ਼ਾ ਦੀ ਅਤੇ ਸਦਾ ਤਕ ਰਹਿਣ ਵਾਲੀ ਹੈ ਜਿਵੇਂ ਕੁਧਰਮੀਆਂ ਲਈ ਅੱਗ। ਕੀ ਤੁਹਾਨੂੰ ਸਦੀਪਕ ਅੱਗ ਮਿਲੇਗੀ ਜਾਂ ਹਮੇਸ਼ਾ ਦੀ ਜ਼ਿੰਦਗੀ?

ਦੁਸ਼ਟ ਲੋਕ ਉਸ ਹਮੇਸ਼ਾ ਦੀ ਅੱਗ ਵਿਚ ਕੀ ਕਰ ਰਹੇ ਹੋਣਗੇ? [ਪ੍ਰਕਾਸ਼ 14:11 ਪੜ੍ਹੋ।] ਉਨ੍ਹਾਂ ਦੇ ਕਸ਼ਟ ਦਾ ਧੂੰਆਂ ਜੁੱਗੋ ਜੁੱਗ ਉੱਠਦਾ ਰਹੇਗਾ, ਅਤੇ ਉਨ੍ਹਾਂ ਨੂੰ ਕਸ਼ਟ ਤੋਂ *ਕੀ* ਨਹੀਂ ਮਿਲੇਗਾ? [ਖਾਲੀ ਥਾਂ ਵਿਚ ''ਕੋਈ ਚੈਨ ਨਹੀਂ'' ਭਰੋ।] ਇਹ ਕਸ਼ਟ ਖ਼ਤਮ ਨਹੀਂ ਹੋਵੇਗਾ। ਅੱਗ ਵਿਚ ਰਹਿਣ ਵਾਲੇ ਲੋਕਾਂ ਨੂੰ ਅੱਗ ਦੇ ਅਸਰ ਤੋਂ ਬਿਲਕੁਲ ਚੈਨ ਨਹੀਂ ਮਿਲੇਗਾ। ਕੀ ਇਹ ਅੱਗ ਅਸਲੀ ਹੋਵੇਗੀ? ਇਹ ਇਕ ਅਹਿਮ ਸਵਾਲ ਹੈ, ਪਰ ਅਸੀਂ ਇਸ ਦਾ ਸਪੱਸ਼ਟ ਜਵਾਬ ਨਹੀਂ ਦੇ ਸਕਦੇ। ਪਰ ਜੇ ਇਹ ਅੱਗ ਅਸਲੀ ਅੱਗ ਨਹੀਂ ਹੈ ਤਾਂ ਘੱਟੋ–ਘੱਟ ''ਅੱਗ'' ਸ਼ਬਦ ਤੋਂ ਸਾਨੂੰ ਇਹ ਸਮਝਣ ਵਿਚ ਮਦਦ ਮਿਲਦੀ ਹੈ ਕਿ ਜੇ ਅਸੀਂ ਅੱਗ ਵਿਚ ਹੋਵਾਂਗੇ ਤਾਂ ਸਾਨੂੰ ਭਿਆਨਕ ਕਸ਼ਟ ਸਹਿਣਾ ਪਵੇਗਾ।

ਮਾਫ਼ੀ ਨਾ ਪਾਉਣ ਵਾਲਿਆਂ ਨੂੰ ਮਿਲਣ ਵਾਲੀ ਸਜ਼ਾ ਦੇ ਉਲਟ, ਬਚਾਏ ਹੋਏ ਕੀ ਕਰ ਰਹੇ ਹੋਣਗੇ? [ਪ੍ਰਕਾਸ਼ ਦੀ ਪੋਥੀ 14:13 ਪੜ੍ਹੋ।] ਉਨ੍ਹਾਂ ਨੂੰ *ਕੀ* ਮਿਲੇਗਾ? [ਖਾਲੀ ਥਾਂ ਵਿਚ ''ਅਰਾਮ'' ਭਰੋ।] ਧਿਆਨ ਦਿਓ ਕਿ ਅਰਾਮ ਪਾਉਣ ਵਾਲੇ ਉਹੋ ਲੋਕ ਹਨ ਜੋ ''ਪ੍ਰਭੂ ਵਿਚ'' ਵਿਚ ਹਨ। ਪ੍ਰਭੂ ਵਿਚ ਕੌਣ ਹੈ? ''ਬਚਾਏ ਜਾਣਾ'' ਸ਼ੀਟ ਤੋਂ ਅਸੀਂ ਸਿੱਖਿਆ ਸੀ ਕਿ ਅਸੀਂ ਪ੍ਰਭੂ ਵਿਚ ਭਾਵ ਯਿਸੂ ਵਿਚ ਬਪਤਿਸਮਾ ਲੈਣ ਦੇ ਬਾਅਦ ਹੀ ਆਉਂਦੇ ਹਾਂ (ਰੋਮੀਆਂ 6:3; ਗਲਾਤੀਆਂ 3:27)। [*ਪਿਛਲੇ ਪਾਸੇ* ਚਿੱਤਰ ਬਣਾਓ ਅਤੇ ਫਿਰ ਚਰਚਾ ਕਰੋ ਕਿ ਮਸੀਹ ਵਿਚ ਕਿਵੇਂ ਆਉਂਦੇ ਹਨ। ਬਚਾਏ ਹੋਇਆਂ ਦੇ ਭਵਿੱਖ ਨਾਲ ਜੋ ਕਿ ਸੁਰਗ ਹੈ, ਗੁਆਚੇ ਹੋਇਆਂ ਦੇ ਭਵਿੱਖ ਅਰਥਾਤ ਨਰਕ ਵਿਚ ਫਰਕ ਦੱਸੋ। ਵੇਖੋ ਸਫ਼ਾ 191।]

ਜਿਨ੍ਹਾਂ ਪਾਪੀਆਂ ਨੂੰ ਮਾਫ਼ੀ ਨਹੀਂ ਮਿਲੀ ਹੈ ਉਨ੍ਹਾਂ ਨੂੰ ਸਜ਼ਾ ਤੋਂ ਅਰਾਮ ਨਹੀਂ ਮਿਲੇਗਾ? ਯਿਸੂ ਕਿਵੇਂ ਕਹਿੰਦਾ ਹੈ ਕਿ ਉਹ ਕੀ ਕਰ ਰਹੇ ਹੋਣਗੇ? [ਮੱਤੀ 25:30 ਪੜ੍ਹੋ।] ਉਹ *ਕੀ* ਕਰ ਰਹੇ ਹੋਣਗੇ [ਖਾਲੀ ਥਾਂ ਵਿਚ ''ਰੋ ਰਹੇ, ਕਚੀਚੀਆਂ ਵੱਟ ਰਹੇ'' ਭਰੋ।] ਮੇਰੇ ਇਕ ਮਿੱਤਰ ਨੇ ਇਕ ਟਰੱਕ ਹਾਦਸੇ ਬਾਰੇ ਦੱਸਿਆ ਜੋ ਉਸ ਨੇ ਵੇਖਿਆ ਸੀ। ਵੇਖਦੇ ਹੀ ਵੇਖਦੇ ਟਰੱਕ ਅੱਗ ਦੀ ਲਾਟਾਂ ਵਿਚ ਘਿਰ ਗਿਆ ਸੀ। ਉਸ ਨੇ ਡਰਾਈਵਰ ਨੂੰ ਅੱਗ ਤੋਂ ਬਚਾਉਣ ਲਈ ਦਰਵਾਜ਼ਾ ਖੋਲ੍ਹਣ ਦੀ ਇੱਛਾ ਕਰਦੇ ਹੋਏ ਕਚੀਚੀਆਂ ਵੱਟਦੇ ਵੇਖਿਆ ਸੀ। ਸਦੀਪਕ ਅੱਗ ਦੀ ਸਜ਼ਾ ਪਾਉਣ ਵਾਲਿਆਂ ਨੂੰ ਰੋਣਾ ਅਤੇ ਕਚੀਚੀਆਂ ਵੱਟਣੀਆਂ ਪੈਣਗੀਆਂ।

ਇਸ ਦੇ ਉਲਟ, ਬਚਾਏ ਹੋਇਆਂ ਤੇ ਬੇਸ਼ੱਕ ਇਸ ਜ਼ਿੰਦਗੀ ਵਿਚ ਬਹੁਤ ਸਾਰੇ ਔਖੇ ਸਮੇਂ ਆਉਣਗੇ, ਪਰ ਉਨ੍ਹਾਂ ਦੀ ਆਉਣ ਵਾਲੀ ਜ਼ਿੰਦਗੀ ਬਿਲਕੁਲ ਫ਼ਰਕ ਹੋਵੇਗੀ। ਉਨ੍ਹਾਂ ਦੀ ਜ਼ਿੰਦਗੀ ਕਿਵੇਂ ਦੀ ਹੋਵੇਗੀ? [ਪਰਕਾਸ਼ 21:4 ਪੜ੍ਹੋ।] ਉਨ੍ਹਾਂ ਨੂੰ ਦੁਬਾਰਾ *ਕੀ* ਨਹੀਂ ਹੋਵੇਗਾ? [ਖਾਲੀ ਥਾਂ ਵਿਚ ''ਨਾ ਸੋਗ, ਨਾ ਰੋਣਾ'' ਭਰੋ।] ਪਿਛਲੇ ਸਮੇਂ ਵਿਚ ਦੁਖੀ ਕਰਨ ਵਾਲੀਆਂ ਸਭ ਗੱਲਾਂ ਖ਼ਤਮ ਹੋ ਜਾਣਗੀਆਂ। ਉਨ੍ਹਾਂ ਨੂੰ ਫੇਰ ਕਦੇ ਸੋਗ ਕਰਨਾ ਜਾਂ ਰੋਣਾ ਨਹੀਂ ਪਵੇਗਾ।

ਜਿਸ ਪਾਪੀ ਦੇ ਪਾਪ ਮਾਫ਼ ਨਹੀਂ ਹੋਣਗੇ ਉਸ ਨੂੰ ਸਜ਼ਾ ਸਹਿੰਦੇ ਹੋਏ ਕੋਈ ਖੁਸ਼ੀ ਨਹੀਂ ਹੋਵੇਗੀ। ਫਿਰ ਉਸ ਨੂੰ ਕੀ ਮਿਲੇਗਾ? [ਰੋਮੀਆਂ 2:9 ਪੜ੍ਹੋ।] ਉਸ ਨੂੰ *ਕੀ* ਮਿਲੇਗਾ? [ਖਾਲੀ ਥਾਂ ਵਿਚ ''ਬਿਪਤਾ ਅਤੇ ਕਸ਼ਟ'' ਭਰੋ।] ਇਨ੍ਹਾਂ ਦੋ ਸ਼ਬਦਾਂ ਤੋਂ ਸੰਕੇਤ ਮਿਲਦਾ ਹੈ ਕਿ ਪਾਪੀ ਬੰਦੇ ਨੂੰ ਨਾ ਸਿਰਫ਼ ਬਾਹਰੀ ਕਸ਼ਟ ਮਿਲੇਗਾ ਬਲਕਿ ਡੂੰਘਾ ਅੰਦਰੂਨੀ ਸੋਗ ਵੀ ਹੋਵੇਗਾ।

ਇਸ ਤਰ੍ਹਾਂ ਦੇ ਭਿਆਨਕ ਕਸ਼ਟ ਦੇ ਬਜਾਏ, ਮੁਕਤੀ ਪਾਏ ਹੋਏ ਪਾਪੀ ਨੂੰ ਬਰਕਤ ਮਿਲੇਗੀ। ਬਚਾਏ ਹੋਏ ਪਾਪੀ ਆਪਣਾ ਇਨਾਮ ਲੈ ਕੇ ਕੀ ਕਰਨਗੇ? [ਮੱਤੀ 25:23 ਪੜ੍ਹੋ।] ਉਹ ਕਿਸ ਵਿਚ ਵੜਨਗੇ [ਖਾਲੀ ਥਾਂ ਵਿਚ ''ਆਨੰਦ'' ਭਰੋ।] ਧਰਮੀ ਬੰਦੇ ਦਾ ਇਨਾਮ ਹਮੇਸ਼ਾ ਦਾ ਆਨੰਦ ਹੋਵੇਗਾ ਜਿਸ ਵਿਚ ਕੋਈ ਦੁਖ ਜਾਂ ਸੋਗ ਨਹੀਂ ਹੋਵੇਗਾ।

ਯਿਸੂ ਨੇ ਸੁਰਗ ਵਿਚ ਪਿਤਾ ਦੇ ਨਾਲ ਰਹਿਣ ਲਈ [2 ਕੁਰਿੰਥੀਆਂ 4:18] ਖ਼ੁਦਾ ਦੇ ਅਬਦੀ ਰੂਹਾਨੀ ਵਾਸ ਵਿਚ ਪਾਪ, ਸੋਗ ਅੇਤ ਮੌਤ ਦੇ ਇਸ ਜਗਤ ਨੂੰ ਛੱਡ ਦਿੱਤਾ (ਯੂਹੰਨਾ 20:17)। ਕੀ ਉਹ ਪਾਪੀ ਜਿਸ ਨੂੰ ਮਾਫ਼ੀ ਨਹੀਂ ਮਿਲੀ ਕਦੇ ਯਿਸੂ ਦੇ ਨਾਲ ਰਹਿ ਸਕੇਗਾ? [ਯੂਹੰਨਾ 8:21 ਪੜ੍ਹੋ।] ਉਹ *ਕੀ* ਨਹੀਂ ਕਰ ਸਕੇਗਾ [ਖਾਲੀ ਥਾਂ ਵਿਚ ''ਮਸੀਹ ਦੇ ਨਾਲ ਨਹੀਂ ਜਾ ਸਕਦਾ'' ਭਰੋ।]

ਭਲਾ ਬਚਾਇਆ ਹੋਇਆ ਵੀ ਨਹੀਂ ਜਾ ਸਕੇਗਾ? [ਯੂਹੰਨਾ 14:3 ਪੜ੍ਹੋ।] ਉਹ *ਕਿਸ ਦੇ* ਨਾਲ ਰਹੇਗਾ? [ਖਾਲੀ ਥਾਂ ਵਿਚ ''ਮਸੀਹ ਦੇ ਨਾਲ'' ਭਰੋ।] ਇਸ ਸੱਚ ਦਾ ਕਿ ਜਿਹੜਾ ਬੰਦਾ ਆਪਣੇ ਪਾਪਾਂ ਵਿਚ ਮਰਦਾ ਹੈ ਕਦੇ ਯਿਸੂ ਦੇ ਕੋਲ ਨਹੀਂ ਜਾ ਸਕਦਾ ਅਰਥ ਇਹ ਹੈ ਕਿ ਜੇ ਉਸ ਨੂੰ ਆਪਣੇ ਪਾਪਾਂ ਤੋਂ ਮਾਫ਼ੀ ਮਿਲ ਗਈ ਸੀ ਤਾਂ ਉਹ ਯਿਸੂ ਦੇ ਨਾਲ ਰਹਿ ਸਕਦਾ ਹੈ। ਅਜਿਹਾ ਵਾਕ ਫ਼ਜ਼ੂਲ ਹੈ ਜੇ ਬਚਾਏ ਹੋਏ ਨੂੰ ਯਿਸੂ ਦੇ ਨਾਲ ਰਹਿਣ ਨੂੰ ਥਾਂ ਨਾ ਮਿਲਿਆ ਕਿਉਂਕਿ ਉਹ ਯਿਸੂ ਦੇ ਸਦੀਪਕ ਘਰ ਤੋਂ ਵੱਖ ਅਬਦੀ ਧਰਤੀ ਤੇ ਹੀ ਰਹਿਣਗੇ। ਬਚਾਏ ਹੋਏ ਤਾਂ ਯਿਸੂ ਦੇ ਨਾਲ ਹੀ ਰਹਿਣਗੇ (ਯੂਹੰਨਾ 12:26)।

ਦੁਸ਼ਟ ਲੋਕਾਂ ਦਾ ਸਦੀਪਕ ਵਾਸ ਕਿੱਥੇ ਹੋਵੇਗਾ? [ਮੱਤੀ 10:28 ਪੜ੍ਹੋ।] ਉਹ *ਕਿੱਥੇ* ਰਹਿਣਗੇ? [ਖਾਲੀ ਥਾਂ ਵਿਚ ''ਨਰਕ'' ਭਰੋ।] ਇੱਥੇ ''ਨਾਸ'' ਸ਼ਬਦ ਦਾ ਮਤਲਬ ਖ਼ਤਮ ਹੋਣਾ ਨਹੀਂ ਹੈ ਜਿਵੇਂ ਕਿ ਕੁਝ ਲੋਕ ਗਲਤ ਸਿੱਖਿਆ ਦਿੰਦੇ ਹਨ, ਬਲਕਿ ਇਸ ਦਾ ਮਤਲਬ ਸਰੀਰ ਦਾ ਨਾਸ ਹੈ ਜਿਸ ਦਾ ਸੰਕੇਤ ਮੱਤੀ 9:17 ਵਿਚ ਬਿਲਕੁਲ ਇਸੇ ਯੂਨਾਨੀ ਸ਼ਬਦ ਨਾਲ ਮਿਲਦਾ ਹੈ। ਮਸ਼ਕਾਂ ਫਟ ਜਾਣਗੀਆਂ ਅਰਥਾਤ ਨਾਸ ਹੋ ਜਾਣਗੀਆਂ। ਨਰਕ ਪੂਰੀ ਤਰ੍ਹਾਂ ਨਾਸ ਕਰਨ ਵਾਲੀ ਨਹੀਂ ਬਲਕਿ ਉੱਥੇ ਜਾਣ ਵਾਲਿਆਂ ਦੇ ਸਦਾ ਦੇ ਨਾਸ ਹੋਣ ਦੀ ਥਾਂ ਹੈ (2 ਥੱਸਲੁਨੀਕੀਆਂ 1:9)। ਮਾਫ਼ੀ ਨਾ ਪਾਏ ਹੋਏ ਪਾਪੀ ਦਾ ਭਵਿੱਖ ਸਦੀਪਕ ਸਜ਼ਾ ਹੈ।

ਬਚਾਇਆ ਹੋਇਆ ਆਦਮੀ ਨਰਕ ਵਿਚ ਹੋਣ ਦੀ ਬਜਾਇ, ਸਦਾ ਤਕ ਕਿੱਥੇ ਰਹੇਗਾ? [1 ਪਤਰਸ 1:3, 4 ਪੜ੍ਹੋ।] ਬਚਾਏ ਹੋਏ ਲੋਕਾਂ ਲਈ ਕੀ ਸੁਰੱਖਿਅਤ ਰੱਖਿਆ ਗਿਆ ਹੈ? [ਖਾਲੀ ਥਾਂ ਵਿਚ ''ਸੁਰਗ'' ਭਰ ਲਵੋ।] ਬਚਾਏ ਹੋਏ ਸਭ ਲੋਕ ਸੁਰਗ ਵਿਚ ਯਿਸੂ ਦੇ ਨਾਲ ਰਹਿਣਗੇ।

ਪਾਪੀ ਨੂੰ ਮਿਲਣ ਵਾਲੀ ਸਜ਼ਾ ਤੇ ਫੇਰ ਧਿਆਨ ਦਿਓ। ਉਹ ਯਿਸੂ ਦੇ ਨਾਲ ਨਹੀਂ ਰਹਿ ਸਕਦਾ, ਬਲਕਿ ਉਸ ਨੂੰ ਬਿਪਤਾ ਅਤੇ ਕਸ਼ਟ ਵਿਚ ਰਹਿਣਾ ਪਵੇਗਾ ਜਿੱਥੇ ਉਸ ਨੂੰ ਹਮੇਸ਼ਾ ਦੀ ਅੱਗ ਦੇ ਕਾਰਣ ਰੋਣਾ ਅਤੇ ਕਚੀਚੀਆਂ ਵੱਟਣ ਤੋਂ ਚੈਨ ਨਹੀਂ ਮਿਲੇਗਾ।

ਇਸ ਭਵਿੱਖ ਦੇ ਉਲਟ, ਬਚਾਏ ਹੋਏ ਤੇ ਧਿਆਨ ਦਿਓ। ਬਚਾਇਆ ਹੋਇਆ ਬੰਦਾ

ਸੁਰਗ ਵਿਚ ਯਿਸੂ ਦੇ ਨਾਲ ਰਹੇਗਾ ਜਿੱਥੇ ਉਸ ਨੂੰ ਅਨੰਦ ਹੀ ਅਨੰਦ ਹੋਵੇਗਾ ਅਤੇ ਕੋਈ ਬਿਪਤਾ ਜਾਂ ਰੋਣਾ ਨਹੀਂ ਹੋਵੇਗਾ। ਉਸ ਨੂੰ ਉਸ ਦੀ ਮਿਹਨਤ ਤੋਂ ਅਰਾਮ ਮਿਲੇਗਾ ਅਤੇ ਉਹ ਖ਼ੁਦਾ ਦੇ ਨਾਲ ਹਮੇਸ਼ਾ ਦੀ ਜ਼ਿੰਦਗੀ ਦਾ ਅਨੰਦ ਪਾਵੇਗਾ।

ਅਸੀਂ ਇਸ ਭਾਗ ਵਿਚ ਕੀ ਸਿੱਖਿਆ ਹੈ? ਅਸੀਂ ਸਿੱਖਿਆ ਹੈ ਕਿ ਬਚਾਏ ਹੋਏ ਅਤੇ ਪਾਪੀ ਦੇ ਸਦੀਪਕ ਭਵਿੱਖ ਵਿਚ ਬਹੁਤ ਹੀ ਫ਼ਰਕ ਹੋਵੇਗਾ। ਬਚਾਇਆ ਹੋਇਆ ਬੰਦਾ ਹਮੇਸ਼ਾ ਲਈ ਸੁਰਗ ਦਾ ਅਨੰਦ ਮਾਣੇਗਾ ਜਦ ਕਿ ਪਾਪੀ ਨੂੰ ਸਦੀਪਕ ਅੱਗ ਤੋਂ ਪੈਦਾ ਹੋਣ ਵਾਲੇ ਦੁੱਖ ਅਤੇ ਕਸ਼ਟ ਨੂੰ ਝੱਲਣਾ ਪਵੇਗਾ।

## IV. ਭਵਿੱਖ ਕਿਵੇਂ ਤੈਅ ਹੁੰਦਾ ਹੈ

ਕੀ ਅਸੀਂ ਆਪਣਾ ਭਵਿੱਖ ਤੈਅ ਕਰ ਸਕਦੇ ਹਾਂ? ਸਜ਼ਾ ਕਿਸ ਨੂੰ ਮਿਲੇਗੀ? [ਰੋਮੀਆਂ 2:8 ਪੜ੍ਹੋ।] *ਕਿਨ੍ਹਾਂ* ਨੂੰ ਸਜ਼ਾ ਦਿੱਤੀ ਜਾਵੇਗੀ? [ਖਾਲੀ ਥਾਂ ਵਿਚ ''ਸੱਚਾਈ ਨੂੰ ਨਾ ਮੰਨਣ ਵਾਲੇ ਨੂੰ'' ਭਰੋ।] ਭਲਾ ਇਹ ਬਾਈਬਲ ਦੀ ਸਿੱਖਿਆ ਨਾਲ ਮੇਲ ਖਾਂਦੀ ਹੈ? [2 ਥੱਸਲੁਨੀਕੀਆਂ 1:8 ਪੜ੍ਹੋ।] ਸਜ਼ਾ *ਕਿਸ ਨੂੰ* ਦਿੱਤੀ ਜਾਵੇਗੀ? [ਖਾਲੀ ਥਾਂ ਵਿਚ ''ਆਗਿਆ ਨਹੀਂ ਮੰਨਦੇ'' ਭਰੋ।]

ਜੇ ਇਨ੍ਹਾਂ ਨੂੰ ਸਜ਼ਾ ਮਿਲੇਗੀ ਤਾਂ ਤੁਹਾਨੂੰ ਕੀ ਲਗਦਾ ਹੈ ਕਿ ਇਨਾਮ ਕਿਸ ਨੂੰ ਮਿਲੇਗਾ? [ਮੱਤੀ 7:21 ਪੜ੍ਹੋ।] ਸੁਰਗ ਵਿਚ ਕੌਣ ਵੜੇਗਾ? [ਖਾਲੀ ਥਾਂ ਵਿਚ ''ਪਿਤਾ ਦੀ ਮਰਜ਼ੀ ਤੇ ਚੱਲਣ ਵਾਲਾ'' ਭਰੋ।] ਯਿਸੂ *ਕਿਨ੍ਹਾਂ ਨੂੰ* ਬਰਕਤ ਦੇਵੇਗਾ? [ਇਬਰਾਨੀਆਂ 5:9 ਪੜ੍ਹੋ।] ਯਿਸੂ ਹਮੇਸ਼ਾ ਲਈ ਕਿਨ੍ਹਾਂ ਨੂੰ ਬਚਾਵੇਗਾ? [ਖਾਲੀ ਥਾਂ ਵਿਚ ''ਆਗਿਆਕਾਰ ਹਨ'' ਭਰੋ।]

ਅਸੀਂ ਇਸ ਭਾਗ ਵਿਚ ਕੀ ਸਿੱਖਿਆ ਹੈ? ਅਸੀਂ ਸਿੱਖਿਆ ਹੈ ਕਿ ਜੇ ਅਸੀਂ ਸੱਚਾਈ ਦੀ ਗੱਲ ਨਹੀਂ ਮੰਨਦੇ ਜੋ ਯਿਸੂ ਦੇ ਵੱਲੋਂ ਪਹੁੰਚੀ ਹੈ (ਯੂਹੰਨਾ 1:17), ਤਾਂ ਸਾਨੂੰ ਹਮੇਸ਼ਾ ਤਕ ਸਜ਼ਾ ਮਿਲੇਗੀ, ਪਰ ਜੇ ਅਸੀਂ ਉਸਦੇ ਆਗਿਆਕਾਰ ਹਾਂ ਤਾਂ ਅਸੀਂ ਹਮੇਸ਼ਾ ਲਈ ਬਚਾਏ ਜਾਵਾਂਗੇ।

## ਸਾਰ

ਇਹ ਪਾਠ ਬਹੁਤ ਹੀ ਮਹੱਤਵਪੂਰਨ ਹੈ, ਕਿਉਂਕਿ ਇਸ ਵਿਚ ਅਸੀਂ ਅਧਿਐਨ ਕੀਤਾ ਹੈ ਕਿ ਆਨੰਦ ਭਰੇ ਭਵਿੱਖ ਲਈ ਅਸੀਂ ਕੀ ਕਰ ਸਕਦੇ ਹਾਂ?

I. *ਪਾਪ ਕੀ ਹੈ?* ਪਾਪ ਉਹ ਕਰਨਾ ਹੈ ਜਿਸ ਦੇ ਸਹੀ ਹੋਣ ਬਾਰੇ ਸਾਨੂੰ ਸ਼ੱਕ ਹੈ, ਸ਼ਰ੍ਹਾ ਨੂੰ ਤੋੜਨਾ ਹੈ, ਹਰ ਤਰ੍ਹਾਂ ਦਾ ਕੁਧਰਮ ਅਤੇ ਉਹ ਕਰਨ ਵਿਚ ਨਾਕਾਮ ਰਹਿਣਾ ਹੈ ਜੋ ਅਸੀਂ ਜਾਣਦੇ ਹਾਂ ਕਿ ਸਹੀ ਹੈ।

II. *ਕੀ ਤੁਸੀਂ ਪਾਪੀ ਹੋ?* ਹਾਂ, ਅਸੀਂ ਸਭ ਪਾਪੀ ਹਾਂ।

III. *ਪਾਪੀ ਦਾ ਅਤੇ ਬਚਾਏ ਹੋਏ ਦਾ ਭਵਿੱਖ ਕੀ ਹੋਵੇਗਾ?* ਪਾਪੀ ਬੰਦਾ ਨਰਕ ਵਿਚ ਸਜ਼ਾ ਭੋਗੇਗਾ ਜਿੱਥੇ ਯਿਸੂ ਅਤੇ ਖ਼ੁਦਾ ਦੀ ਹਜ਼ੂਰੀ ਨਹੀਂ ਹੈ। ਬਚਾਇਆ ਹੋਇਆ ਸੁਰਗ ਵਿਚ ਹਮੇਸ਼ਾ ਲਈ ਯਿਸੂ ਅਤੇ ਖ਼ੁਦਾ ਕੋਲ ਅਨੰਦ ਮਾਣੇਗਾ।

IV. *ਤੁਹਾਡਾ ਭਵਿੱਖ ਕੀ ਕਰਨ ਜਾਂ ਨਹੀਂ ਕਰਨ ਨਾਲ ਤੈਅ ਹੁੰਦਾ ਹੈ?* ਤੁਹਾਡਾ ਭਵਿੱਖ ਇਸ ਗੱਲ ਨਾਲ ਤੈਅ ਹੁੰਦਾ ਹੋਵੇਗਾ ਕਿ ਤੁਸੀਂ ਯਿਸੂ ਦੇ ਰਾਹੀਂ ਪਹੁੰਚੀ ਸੱਚਾਈ ਨੂੰ ਮੰਨਿਆ ਹੈ

ਜਾਂ ਨਹੀਂ।

ਕੀ ਤੁਸੀਂ ਯਿਸੂ ਦੇ ਨਾਲ ਸੁਰਗ ਵਿਚ ਰਹੋਗੇ? ਕੀ ਤੁਸੀਂ ਬਚਾਏ ਗਏ ਹੋ? ਜੇ ਤੁਸੀਂ ਬਚਾਏ ਨਹੀਂ ਗਏ ਹੋ, ਤਾਂ ਤੁਹਾਨੂੰ ਬਚਾਏ ਜਾਣ ਦੇ ਲਈ ਕੀ ਕਰਨਾ ਚਾਹੀਦਾ ਹੈ? ਪਭੂ ਦਾ ਹੁਕਮ ਮੰਨ ਕੇ ਹਮੇਸ਼ਾ ਲਈ ਉਸ ਦੇ ਲਈ ਕਿਉਂ ਨਹੀਂ ਰਹਿੰਦੇ? ਜੇ ਤੁਸੀਂ ਪ੍ਰਭੂ ਦਾ ਹੁਕਮ ਮੰਨਦੇ ਹੋ ਤਾਂ ਤੁਹਾਨੂੰ ਫ਼ਾਇਦਾ ਹੀ ਹੋਵੇਗਾ, ਤੁਹਾਡਾ ਕਿਸੇ ਗੱਲ ਵਿਚ ਨੁਕਸਾਨ ਨਹੀਂ ਹੋਵੇਗਾ। ਤੁਸੀਂ ਉਸ ਦਾ ਹੁਕਮ ਕਿਉਂ ਨਹੀਂ ਮੰਨਦੇ? ਜੇ ਤੁਸੀਂ ਯਿਸੂ ਦੇ ਹੁਕਮ ਨੂੰ ਮੰਨਣ ਦੀ ਯੋਜਨਾ ਬਣਾਉਂਦੇ ਹੋ ਤਾਂ ਉਸ ਦਾ ਹੁਕਮ ਮੰਨਣ ਦਾ ਸਮਾਂ ਹੁਣ ਹੈ। ਹੁਕਮ ਮੰਨਣ ਦੇ ਬਾਅਦ, ਤੁਹਾਨੂੰ ਯਕੀਨ ਹੋ ਜਾਵੇਗਾ ਕਿ ਯਿਸੂ ਤੁਹਾਡੇ ਨਾਲ ਰਹੇਗਾ ਅਤੇ ਆਤਮਾ ਦੇ ਰਾਹੀਂ ਤੁਹਾਡੀ ਮਦਦ ਕਰੇਗਾ (ਅਫ਼ਸੀਆਂ 3:16) ਤਾਂ ਜੋ ਤੁਸੀਂ ਹਮੇਸ਼ਾ ਤਕ ਉਸ ਦੇ ਨਾਲ ਰਹਿ ਸਕੋ। ਕੀ ਤੁਸੀਂ ਇਸ ਜ਼ਿੰਦਗੀ ਵਿਚ ਯਿਸੂ ਦੇ ਨਾਲ ਹਰ ਰੋਜ਼ ਰਹਿ ਕੇ ਅਨੰਦ ਮਾਣਨਾ ਚਾਹੋਗੇ। ਤੁਹਾਨੂੰ ਕੀ ਲੱਗਦਾ ਹੈ ਕਿ ਤੁਹਾਨੂੰ ਕੀ ਫ਼ੈਸਲਾ ਲੈਣਾ ਚਾਹੀਦਾ ਹੈ? ਕੀ ਤੁਸੀਂ ਹੁਣੇ ਬਪਤਿਸਮੇ ਵਿਚ ਯਿਸੂ ਨਾਲ ਦਫ਼ਨਾਏ ਜਾਣ ਲਈ ਤਿਆਰ ਹੋ?